ਪ੍ਰੈਸ ਨੋਟ ਨੰਬਰ 1

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਮੰਡੀ ਬੋਰਡ ਨੇ ਕੇਲੇ ਅਤੇ ਆਲੂ ਲੋੜਵੰਦਾਂ ਨੂੰ ਮੁਫ਼ਤ ਵੰਡਣ ਹਿੱਤ ਭੇਜੇ

ਬਠਿੰਡਾ, 3 ਅਪ੍ਰੈਲ : ਜ਼ਿਲਾ ਮੰਡੀ ਬੋਰਡ ਬਠਿੰਡਾ ਨੇ ਅੱਜ ਲੋੜਵੰਦ ਲੋਕਾਂ ਲਈ 1100 ਪੈਕੇਟ ਕੇਲੇ ਅਤੇ 400 ਪੈਕੇਟ ਆਲੂਆਂ ਦੇ ਭਰੇ ਤਿੰਨ ਵਾਹਨ ਰਵਾਨਾ ਕੀਤੇ ਹਨ। ਇਹ ਸਮਾਨ ਜਰੂਰਤਮੰਦ ਪਰਿਵਾਰਾਂ ਨੂੰ ਮੁਫ਼ਤ ਤਕਸੀਮ ਕੀਤਾ ਜਾਵੇਗਾ। ਇਨਾਂ ਵਾਹਨਾਂ ਨੂੰ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਅਤੇ ਐਸ.ਐਸ.ਪੀ. ਡਾ: ਨਾਨਕ ਸਿੰਘ ਨੇ ਇੱਥੋਂ ਰਵਾਨਾ ਕੀਤਾ। ਇਸ ਮੌਕੇ ਜ਼ਿਲਾ ਮੰਡੀ ਅਫ਼ਸਰ ਸ: ਪ੍ਰੀਤ ਕੰਵਰ ਸਿੰਘ ਬਰਾੜ ਵੀ ਹਾਜਰ ਸਨ।

ਇਸ ਮੌਕੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀਨਿਵਾਸਨ ਨੇ ਕਿਹਾ ਕਿ ਸਾਰੇ ਵਿਭਾਗ, ਸਮਾਜ ਸੇਵੀ ਸੰਸਥਾਵਾਂ ਲੋੜਵੰਦ ਲੋਕਾਂ ਦੀ ਸਹਾਇਤਾ ਕਰ ਰਹੇ ਹਨ। ਉਨਾਂ ਨੇ ਦੱਸਿਆ ਕਿ ਜ਼ਿਲੇ ਵਿਚ ਹਰ ਰੋਜ ਲਗਭਗ 15000 ਲੋਕਾਂ ਨੂੰ ਪੱਕਿਆ ਹੋਇਆ ਭੋਜਨ ਮੁਹਈਆ ਕਰਵਾਇਆ ਜਾ ਰਿਹਾ ਹੈ। ਇਸ ਤੋਂ ਬਿਨਾਂ ਸੁੱਕੇ ਰਾਸ਼ਨ ਦੇ ਪੈਕੇਟ ਵੀ ਲੋੜਵੰਦ ਲੋਕਾਂ ਨੂੰ ਵੰਡੇ ਜਾ ਰਹੇ ਹਨ। ਉਨਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕੋਈ ਵੀ ਭੁੱਖਾ ਨਹੀਂ ਰਹਿਣ ਦਿੱਤਾ ਜਾਵੇ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਅਤੇ ਐਸ.ਐਸ.ਪੀ. ਡਾ: ਨਾਨਕ ਸਿੰਘ ਨੇ ਜ਼ਿਲੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਰਫਿਊ ਦਾ ਪਾਲਣ ਕਰਦੇ ਰਹਿਣ। ਉਨਾਂ ਨੇ ਕਿਹਾ ਕਿ ਸਾਡੇ ਕੁਝ ਦਿਨ ਦੇ ਸਹਿਯੋਗ ਨਾਲ ਅਸੀਂ ਇਸ ਵੱਡੀ ਆਫ਼ਤ ਨੂੰ ਟਾਲ ਸਕਾਂਗੇ।ਇਹ ਫਲ ਤੇ ਸਬਜੀ ਜ਼ਿਲਾ ਮੰਡੀ ਅਫ਼ਸਰ ਪ੍ਰੀਤ ਕੰਵਰ ਸਿੰਘ ਬਰਾੜ ਅਤੇ ਕਾਰਜਕਾਰੀ ਇੰਜਨੀਅਰ ਮੰਡੀ ਬੋਰਡ ਸ੍ਰੀ ਵਿਪਨ ਖੰਨਾ ਦੀ ਅਗਵਾਈ ਵਿਚ ਮੰਡੀ ਬੋਰਡ ਵੱਲੋਂ ਜ਼ਿਲਾ ਪ੍ਰਸ਼ਾਸਨ ਨੂੰ ਸੌਂਪੀ ਗਈ ਸੀ।

ਬਾਕਸ ਲਈ ਪ੍ਰਸਤਾਵਿਤ

ਸਬਜੀ ਮੰਡੀ ਵਿਚ ਸੋਸ਼ਲ ਡਿਸਟੈਂਸਿੰਗ ਲਈ ਕੀਤੀ ਵਿਵਸਥਾ

ਜ਼ਿਲਾ ਮੰਡੀ ਅਫ਼ਸਰ ਸ: ਪ੍ਰੀਤ ਕੰਵਰ ਸਿੰਘ ਬਰਾੜ ਨੇ ਦੱਸਿਆ ਕਿ ਸਬਜੀ ਮੰਡੀ ਵਿਚ ਆੜਤੀਆਂ, ਕਿਸਾਨਾਂ ਅਤੇ ਖਰੀਦਦਾਰਾਂ ਵਿਚਕਾਰ ਆਪਸੀ ਫਾਸਲਾ ਬਣਿਆ ਰਹੇ ਇਸ ਲਈ ਮੰਡੀ ਵਿਚ ਫਰਸ ਤੇ ਮਾਰਕਿੰਗ ਕਰਵਾਈ ਗਈ ਹੈ ਤਾਂ ਜੋ ਲੋਕ ਇਕ ਦੂਜੀ ਤੋਂ ਦੂਰੀ ਬਣਾ ਕੇ ਖੜੇ ਹੋਣ ਅਤੇ ਇਕ ਦੂਜੇ ਤੋਂ ਕਿਸੇ ਵੀ ਲਾਗ ਦੀ ਬਿਮਾਰੀ ਦੇ ਫੈਲਣ ਦਾ ਡਰ ਨਾ ਰਹੇ। ਉਨਾਂ ਨੇ ਕਿਹਾ ਕਿ ਇਸ ਤਰਾਂ ਕਰਨ ਨਾਲ ਹੁਣ ਸੋਸ਼ਲ ਡਿਸਟੈਂਸਟਿੰਗ ਬਣਾਈ ਰੱਖਣਾ ਯਕੀਨੀ ਹੋ ਜਾਵੇਗਾ।

ਬਾਕਸ ਲਈ ਪ੍ਰਸਤਾਵਿਤ

ਅੰਡੇ ਤੇ ਚਿਕਨ ਦੀ ਹੋਮ ਡਲੀਵਰੀ ਸ਼ੁਰੂ

ਓਧਰ ਬਠਿੰਡਾ ਸ਼ਹਿਰ ਵਿਚ ਅੰਡੇ ਅਤੇ ਚਿਕਨ ਦੀ ਹੋਮ ਡਲੀਵਰੀ ਦੀ ਵਿਵਸਥਾ ਸ਼ੁਰੂ ਕੀਤੀ ਗਈ ਹੈ। ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ: ਅਮਰੀਕ ਸਿੰਘ ਨੇ ਦੱਸਿਆ ਕਿ ਲੋਕ ਫੋਨ ਨੰਬਰ 92167 63604, 92167 63607, 92167 63603, 70096 31392 ਤੇ ਕਾਲ ਕਰਕੇ ਅੰਡੇ ਅਤੇ ਚਿਕਨ ਦੀ ਹੋਮ ਡਲੀਵਰੀ ਲੈ ਸਕਦੇ ਹਨ।




ਡਿਪਟੀ ਕਮਿਸ਼ਨਰ ਬਠਿੰਡਾ ਬੀ.ਸ੍ਰੀਨਿਵਾਸਨ ਤੇ ਐਸ.ਐਸ.ਪੀ. ਡਾ. ਨਾਨਕ ਸਿੰਘ ਤੇ ਮੰਡੀ ਅਫ਼ਸਰ ਪ੍ਰੀਤ ਕਵਰ ਸਿੰਘ ਬਰਾੜ ਕੇਲੇ ਤੇ ਆਲੂਆਂ ਦੇ ਵਾਹਨਾਂ ਨੂੰ ਰਵਾਨਾਂ ਕਰਦੇ ਹੋਏ।

ਫੋਟੋ : ਸੂਚਨਾ ਤੇ ਲੋਕ ਸੰਪਰਕ ਵਿਭਾਗ, ਬਠਿੰਡਾ

ਪ੍ਰੈਸ ਨੋਟ ਨੰਬਰ 2

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਸਹਿਕਾਰਤਾ ਵਿਭਾਗ ਨੇ ਕਿਸਾਨਾਂ ਦੀ ਮਦਦ ਲਈ ਆਰੰਭਿਆ ਕੰਮ

ਬਠਿੰਡਾ, 3 ਅਪ੍ਰੈਲ : ਜ਼ਿਲਾ ਬਠਿੰਡਾ ਵਿਚ ਸਹਿਕਾਰਤਾ ਵਿਭਾਗ ਕਿਸਾਨਾਂ ਦੀ ਮਦਦ ਲਈ ਅੱਗੇ ਆਇਆ ਹੈ। ਵਿਭਾਗ ਦੀਆਂ ਸਹਿਕਾਰੀ ਸਭਾਵਾਂ ਪਿੰਡਾਂ ਵਿਚ ਕਿਸਾਨਾਂ ਨੂੰ ਬੀਜ, ਖਾਦ, ਕੀਟਨਾਸ਼ਕ, ਪਸ਼ੂ ਫੀਡ ਆਦਿ ਮੁਹਈਆ ਕਰਵਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਭਾਗ ਦੇ ਡਿਪਟੀ ਰਜਿਸਟਰਾਰ ਸ੍ਰੀ ਅਨਿਲ ਮੁਰਾਰੀ ਅਤੇ ਏਆਰ ਰੁਪਿੰਦਰ ਸਿੰਘ ਨੇ ਦੱਸਿਆ ਕਿ ਜ਼ਿਲੇ ਦੀਆਂ ਸਹਿਕਾਰੀ ਸਭਾਵਾਂ ਰਾਹੀਂ ਕਿਸਾਨਾਂ ਦੀ ਮਦਦ ਕੀਤੀ ਜਾ ਰਹੀ ਹੈ ਅਤੇ ਉਨਾਂ ਨੂੰ ਕਰਫਿਊ ਲਗਾਉਣ ਦੀ ਮਜਬੂਰੀ ਅਤੇ ਸੋਸ਼ਲ ਡਿਸਟੈਸਿੰਗ ਦਾ ਮਹੱਤਵ ਵੀ ਸਮਝਾਇਆ ਜਾ ਰਿਹਾ ਹੈ। ਉਨਾਂ ਨੇ ਦੱਸਿਆ ਕਿ ਕਿਸਾਨ ਆਪਣੀ ਸਭਾ ਤੋਂ ਜਰੂਰੀ ਵਸਤਾਂ ਦੀ ਖਰੀਦ ਕਰ ਸਕਦੇ ਹਨ। ਉਨਾਂ ਨੇ ਦੱਸਿਆ ਕਿ ਸਹਿਕਾਰੀ ਸਭਾਵਾਂ ਕਿਸਾਨਾਂ ਦੀਆਂ ਆਪਣੀਆਂ ਸੰਸਥਾਵਾਂ ਹੁੰਦੀਆਂ ਹਨ ਅਤੇ ਵਿਭਾਗ ਨੇ ਇੰਨਾਂ ਨੂੰ ਕਿਸਾਨਾਂ ਲਈ ਖੋਲ ਦਿੱਤਾ ਹੈ।

ਇਸ ਸਬੰਧੀ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਦੱਸਿਆ ਕਿ ਕਿਸਾਨਾਂ ਦੇ ਵੱਡੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਸਹਿਕਾਰੀ ਸਭਾਵਾਂ ਨੂੰ ਖੋਲਿਆਂ ਗਿਆ ਹੈ ਪਰ ਕਿਸਾਨ ਇੱਥੇ ਬੀਜ, ਖਾਦ ਆਦਿ ਦੀ ਖਰੀਦ ਲਈ ਹੀ ਆਉਣ ਅਤੇ ਵੱਧ ਤੋਂ ਵੱਧ ਘਰਾਂ ਅੰਦਰ ਹੀ ਰਿਹਾ ਜਾਵੇ। ਉਨਾਂ ਨੇ ਕਿਹਾ ਕਿ ਇਹ ਪੂਰੇ ਸਮਾਜ ਲਈ ਮੁਸਕਿਲ ਸਮਾਂ ਹੈ ਅਤੇ ਸਾਨੂੰ ਸਭ ਨੂੰ ਘਰ ਦੇ ਅੰਦਰ ਰਹਿ ਕੇ ਕਰੋਨਾ ਦੇ ਚੱਕਰ ਨੂੰ ਤੋੜਨ ਵਿਚ ਆਪਣੀ ਭੁਮਿਕਾ ਨਿਭਾਉਣੀ ਚਾਹੀਦੀ ਹੈ।

ਏ.ਆਰ. ਰੁਪਿੰਦਰ ਸਿੰਘ ਨੇ ਕਿਹਾ ਕਿ ਸਹਿਕਾਰੀ ਸਭਾਵਾਂ ਵੱਲੋਂ ਵਾਜਬ ਕੀਮਤਾਂ ਤੇ ਮਿਆਰੀ ਉਤਪਾਦ ਮੁਹਈਆ ਕਰਵਾਏ ਜਾ ਰਹੇ ਹਨ। ਉਨਾਂ ਨੇ ਕਿਹਾ ਕਿ ਵਿਭਾਗ ਵੱਲੋਂ ਖੇਤੀ ਲਈ ਲੋੜੀਂਦੀਆਂ ਸਾਰੀਆਂ ਬੁਨਿਆਦੀ ਵਸਤਾਂ ਮੁਹਈਆ ਕਰਵਾਈਆਂ ਜਾ ਰਹੀਆਂ ਹਨ। ਉਨਾਂ ਨੇ ਕਿਹਾ ਕਿ ਵਿਭਾਗ ਵੱਲੋਂ ਅਗਾਮੀ ਸਾਉਣੀ ਲਈ ਖਾਦਾਂ, ਕੀਟਨਾਸਕਾਂ ਅਤੇ ਹੋਰ ਸਮਾਨ ਦੀ ਵਿਵਸਥਾ ਜਰੂਰਤ ਅਨੁਸਾਰ ਕੀਤੀ ਜਾ ਰਹੀ ਹੈ।

ਬਾਕਸ ਲਈ ਪ੍ਰਸਤਾਵਿਤ

ਮੰਡੀ ਕਲਾਂ ਵਿਚ ਕੀਤੀ ਸਪ੍ਰੇਅ

ਓਧਰ ਨਗਰ ਪੰਚਾਇਤ ਮੰਡੀਕਲਾਂ ਵੱਲੋਂ ਆਪਣੇ ਖੇਤਰ ਵਿਚ ਅੱਜ ਸੋਡੀਅਮ ਹਾਈਪੋਕਲੋਰਾਇਡ ਦਾ ਛਿੜਕਾਅ ਕਰਵਾਇਆ ਗਿਆ। ਕਾਰਜ ਸਾਧਕ ਅਫ਼ਸਰ ਭਰਤਵੀਰ ਸਿੰਘ ਨੇ ਦੱਸਿਆ ਕਿ ਇਸ ਤਰੀਕੇ ਨਾਲ ਜਨਤਕ ਥਾਂਵਾਂ ਨੂੰ ਰੋਗਾਣੂਮੁਕਤ ਕੀਤਾ ਹੈ। ਇਸ ਤੋਂ ਬਿਨਾਂ ਇਲਾਕੇ ਵਿਚ ਲੋੜਵੰਦ ਪਰਿਵਾਰਾਂ ਨੂੰ ਸਮਾਜਿਕ ਸੰਸਥਾਵਾਂ ਦੀ ਮਦਦ ਨਾਲ ਰਾਸਨ ਵੀ ਵੰਡਿਆ ਜਾ ਰਿਹਾ ਹੈ।

ਬਾਕਸ ਲਈ ਪ੍ਰਸਤਾਵਿਤ

ਬੈਂਕਾਂ ਨੇ ਸਮਾਜਿਕ ਦੂਰੀ ਲਈ ਕੀਤੇ ਪ੍ਰਬੰਧ

ਕਈ ਦਿਨਾਂ ਬਾਅਦ ਜ਼ਿਲੇ ਵਿਚ ਬੈਂਕਾ ਆਮ ਲੋਕਾਂ ਲਈ ਖੁੱਲੀਆਂ। ਇਸ ਦੌਰਾਨ ਬੈਂਕਾਂ ਵੱਲੋਂ ਭੀੜ ਨਿਯੰਤਰਨ ਅਤੇ ਲੋਕਾਂ ਵਿਚ ਆਪਸੀ ਫਾਸਲਾ ਬਣਾਈ ਰੱਖਣ ਲਈ ਢੁਕਵੇਂ ਇੰਤਜਾਮ ਕੀਤੇ ਗਏ। ਇਸ ਤਹਿਤ ਬੈਂਕ ਦੇ ਬਾਹਰ ਲਾਈਨ ਵਿਚ ਲੱਗੇ ਗ੍ਰਾਹਕਾਂ ਦੇ ਖੜੇ ਹੋਣ ਲਈ ਕਲੀ ਨਾਲ ਗੋਲੇ ਬਣਾਏ ਗਏ ਸਨ ਜਿੱਥੇ ਗ੍ਰਾਹਕ ਦੂਰ ਦੂਰ ਖੜੇ ਹੋ ਸਕਨ। ਇਸ ਤੋਂ ਬਿਨਾਂ ਬੈਂਕਾਂ ਵਿਚ ਸੈਨੇਟਾਈਜਰ ਵੀ ਰੱਖੇ ਗਏ ਸਨ। ਲੋਕਾਂ ਨੇ ਪ੍ਰਬੰਧਾਂ ਤੇ ਤਸੱਲੀ ਪ੍ਰਗਟਾਈ।



ਜ਼ਿਲ੍ਹੇ ਦੇ ਪਿੰਡ ਬਾਲਿਆਂਵਾਲੀ ਵਿਖੇ ਬੈਂਕ ਦੇ ਬਾਹਰ ਸਮਾਜਿਕ ਦੂਰੀ ਨੂੰ ਮੱਦੇਨਜ਼ਰ ਮੀਟਰ-ਮੀਟਰ ਦੀ ਦੂਰੀ ਤੇ ਲੋਕਾਂ ਨੂੰ ਬਿਠਾ ਕੇ ਬੈਂਕ ਭੇਜਦੇ ਹੋਏ।



ਜ਼ਿਲ੍ਹੇ ਦੇ ਪਿੰਡ ਮੰਡੀ ਕਲਾਂ ਵਿਖੇ ਵੱਖ-ਵੱਖ ਥਾਈਂ ਸੋਡੀਅਮ ਹਾਈਪਰੋਕਲੋਰਾਈਡ ਦਾ ਛਿੜਕਾਅ ਕਰਦੇ ਹੋਏ।

ਪ੍ਰੈਸ ਨੋਟ ਨੰਬਰ 3

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਸੈਂਟ ਜੋਸਫ ਕਾਨਵੈਂਟ ਸਕੂਲ ਨੇ ਇਕ ਟਰਾਲੀ ਰਾਸ਼ਨ ਦਾ ਸਹਿਯੋਗ ਦਿੱਤਾ

ਬਠਿੰਡਾ, 3 ਅਪ੍ਰੈਲ : ਸੈਂਟ ਜੋਸਫ ਕਾਨਵੈਂਟ ਸਕੂਲ ਬਠਿੰਡਾ ਨੇ ਅੱਜ ਜ਼ਿਲਾ ਪ੍ਰਸ਼ਾਸਨ ਨੂੰ 70 ਲੋਕਾਂ ਦਾ ਸੁੱਕਾ ਰਾਸ਼ਨ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੂੰ ਭੇਂਟ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਅਤੇ ਸਟਾਫ ਨੇ ਦੱਸਿਆ ਕਿ ਇਸ ਰਾਸ਼ਨ ਵਿਚ ਹਰੇਕ ਇਕ ਪਰਿਵਾਰ ਲਈ 10 ਕਿਲੋ ਆਟਾ, 5 ਕਿਲੋ ਚਾਵਲ, 10 ਕਿਲੋ ਆਲੂ, 5 ਕਿਲੋ ਪਿਆਜ, 1 ਲਿਟਰ ਖਾਣ ਦਾ ਤੇਲ, ਦਾਲ 2 ਕਿਲੋ, ਖੰਡ 3 ਕਿਲੋ, ਨਮਕ 1 ਕਿਲੋ, ਚਾਹ ਪੱਤੀ ਅੱਧਾ ਕਿਲੋ, ਮਸਾਲੇ 250 ਗ੍ਰਾਮ ਆਦਿ ਰਾਸ਼ਨ ਸ਼ਾਮਿਲ ਹੈ। ਉਨਾਂ ਨੇ ਕਿਹਾ ਕਿ ਸਕੂਲ ਨੇ ਆਪਣੇ ਸਮਾਜ ਪ੍ਰਤੀ ਫਰਜ ਨੂੰ ਸਮਝਦਿਆਂ ਇਹ ਸਮਾਨ ਲੋੜਵੰਦ ਲੋਕਾਂ ਲਈ ਜ਼ਿਲਾ ਪ੍ਰਸ਼ਾਸਨ ਨੂੰ ਭੇਂਟ ਕੀਤਾ ਹੈ।

ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਸਕੂਲ ਪ੍ਰਬੰਧਨ ਦਾ ਇਸ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਮੇਂ ਸਾਡੇ ਲੋਕਾਂ ਦੇ ਸਹਿਯੋਗ ਦੀ ਬਹੁਤ ਜਰੂਰਤ ਹੈ। ਉਨਾਂ ਨੇ ਕਿਹਾ ਕਿ ਇਸ ਮੁਸਕਿਲ ਦੌਰ ਵਿਚ ਅਸੀਂ ਇਕ ਦੂਜੇ ਦੀ ਸਹਾਇਤਾ ਕਰੀਏ ਤਾਂ ਇਸ ਸਮੇਂ ਨੂੰ ਅਸਾਨੀ ਨਾਲ ਪਾਰ ਕਰ ਲਵਾਂਗੇ।



ਬਠਿੰਡਾ ਸੇਂਟ ਜੌਂਸਫ਼ ਸਕੂਲ ਨੇ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਰਾਸ਼ਨ ਦੀ ਟਰਾਲੀ ਭੇਂਟ ਕੀਤੀ।

ਪ੍ਰੈਸ ਨੋਟ ਨੰਬਰ 4

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਗ਼ੈਰ ਸਰਕਾਰੀ ਵਿਦਿਅਕ ਸੰਸਥਾਵਾਂ ਫ਼ੀਸ ਜਮਾਂ ਕਰਾਉਣ ਦੀ ਅੰਤਿਮ ਮਿਤੀ ਨੂੰ ਕਰਨਗੀਆਂ ਮੁੜ ਤੈਅ

ਮਾਤਾ-ਪਿਤਾ ਨੂੰ ਫ਼ੀਸ ਜਮਾਂ ਕਰਵਾਉਣ ਲਈ ਨਹੀਂ ਕਰਨਗੀਆਂ ਮਜ਼ਬੂਰ

ਬਠਿੰਡਾ, 3 ਅਪ੍ਰੈਲ : ਜ਼ਿਲਾ ਮੈਜਿਸਟ੍ਰੇਟ ਸ੍ਰੀ ਬੀ.ਸ੍ਰੀਨਿਵਾਸਨ ਨੇ ਦੱਸਿਆ ਕਰੋਨਾ ਵਾਇਰਸ ਦੇ ਮੱਦੇਨਜ਼ਰ ਸੂਬੇ ਦੇ ਗ਼ੈਰ ਸਰਕਾਰੀ ਵਿਦਿਅਕ ਸੰਸਥਾਵਾਂ ਫ਼ੀਸ ਜਮਾਂ ਕਰਵਾਉਣ ਅੰਤਿਮ ਮਿਤੀ ਨੂੰ ਮੁੜ ਤੈਅ ਕਰਨਗੀਆਂ ਤੇ ਮਾਤਾ-ਪਿਤਾ ਨੂੰ ਫ਼ੀਸ ਜਮਾਂ ਕਰਵਾਉਣ ਲਈ ਮਜ਼ਬੂਰ ਨਹੀਂ ਕਰਨਗੀਆਂ। ਉਨਾਂ ਦੱਸਿਆ ਕਿ ਪਹਿਲਾਂ ਨਵੇਂ ਦਾਖ਼ਲਿਆਂ ਸਬੰਧੀ ਲਈਆਂ ਜਾਣ ਵਾਲੀਆਂ ਫ਼ੀਸਾਂ ਦੀ ਅੰਤਿਮ ਮਿਤੀ 31 ਮਾਰਚ 2020 ਨਿਰਧਾਰਿਤ ਕੀਤੀ ਗਈ ਸੀ।

ਜਾਰੀ ਪੱਤਰ ਮੁਤਾਬਿਕ ਜ਼ਿਲਾ ਮੈਜਿਸਟ੍ਰੇਟ ਨੇ ਦੱਸਿਆ ਕਿ ਕਰੋਨਾ ਵਾਇਰਸ ਦੇ ਹਾਲਾਤ ਸੁਧਰਣ ਉਪਰੰਤ ਸਬੰਧਤ ਵਿਦਿਆਰਥੀਆਂ ਦੇ ਮਾਪਿਆਂ ਨੂੰ ਦਾਖ਼ਲਿਆਂ ਦੀ ਫ਼ੀਸ ਜਮਾਂ ਕਰਵਾਉਣ ਲਈ ਇੱਕ ਮਹੀਨੇ ਦਾ ਸਮਾਂ ਉਪਲੱਬਧ ਕਰਵਾਉਣ 'ਤੇ ਫ਼ੀਸ ਲੈਣ ਸਮੇਂ ਕੋਈ ਵਾਧੂ ਜ਼ੁਰਮਾਨਾ ਆਦਿ ਨਹੀਂ ਲਗਾਇਆ ਜਾ ਸਕੇਗਾ।

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਇਕ ਤਿਹਾਈ ਬੈਂਕਾਂ ਖੁੱਲੀਆਂ, 21017 ਲੋਕਾਂ ਨੇ ਬੈਂਕਾਂ ਤੋਂ ਕਢਵਾਏ ਰੁਪਏ

ਬਠਿੰਡਾ, 3 ਅਪ੍ਰੈਲ : ਸੁੱਕਰਵਾਰ ਨੂੰ ਜ਼ਿਲੇ ਵਿਚ ਇਕ ਤਿਹਾਈ ਬੈਂਕਾਂ ਖੋਲੀਆਂ ਗਈਆਂ ਸਨ। ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਦੱਸਿਆ ਕਿ ਵਾਰੋ ਵਾਰੀ ਹਰ ਰੋਜ ਇਕ ਤਿਹਾਈ ਬੈਂਕਾਂ ਖੋਲੀਆਂ ਜਾਇਆ ਕਰਣਗੀਆਂ ਤਾਂ ਜੋ ਸਮਾਜਿਕ ਦੂਰੀ ਬਣਾਈ ਰੱਖਣ ਦੇ ਮਕਸਦ ਦੀ ਪੂਰਤੀ ਵੀ ਕੀਤੀ ਜਾ ਸਕੇ ਅਤੇ ਲੋੜਵੰਦ ਲੋਕਾਂ ਤੱਕ ਨਗਦੀ ਦਾ ਪ੍ਰਵਾਹ ਵੀ ਹੋ ਸਕੇ। ਉਨਾਂ ਨੇ ਕਿਹਾ ਕਿ ਇਸ ਸਬੰਧੀ ਬੈਂਕਾਂ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਬੈਂਕਾਂ ਵਿਚ ਗ੍ਰਾਹਕਾਂ ਦੀ ਭੀੜ ਨਾ ਜੁੜਨ ਦੇਣ ਅਤੇ ਗ੍ਰਾਹਕਾਂ ਦੇ ਉਡੀਕ ਕਰਨ ਵਾਲੀ ਥਾਂ ਤੇ ਸਮਾਜਿਕ ਦੂਰੀ ਬਣਾਈ ਰੱਖਣ ਲਈ ਢੁਕਵੇਂ ਇੰਤਜਾਮ ਕੀਤੇ ਗਏ ਹਨ।

ਜ਼ਿਲੇ ਦੇ ਡਿਪਟੀ ਕਮਿਸ਼ਨਰ ਨੇ ਇਸ ਮੌਕੇ ਅਪੀਲ ਕੀਤੀ ਕਿ ਬੈਂਕ ਵਿਚ ਨਗਦੀ ਲੈਣ ਲਈ ਉਹੀ ਆਵੇ ਜਿਸ ਕੋਲ ਏਟੀਐਮ ਦੀ ਸੁਵਿਧਾ ਨਾ ਹੋਵੇ ਅਤੇ ਬਹੁਤ ਜਰੂਰੀ ਹੋਵੇ। ਉਨਾਂ ਨੇ ਕਿਹਾ ਕਿ ਜਿਹੜੇ ਲੋਕ ਡਿਜਟਿਲ ਲੈਣਦੇਣ ਕਰ ਸਕਦੇ ਹਨ ਉਹ ਆਨਲਾਈਨ ਲੈਣਦੇਣ ਨੂੰ ਪਹਿਲ ਦੇਣ ਤਾਂ ਜੋ ਅਸੀਂ ਕਰੋਨਾ ਵਾਇਰਸ ਦੇ ਪਸਾਰ ਨੂੰ ਰੋਕਣ ਖਿਲਾਫ ਆਪਣੀ ਜੰਗ ਵਿਚ ਜਿੱਤ ਹਾਸਲ ਕਰ ਸਕੀਏ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਜ ਜ਼ਿਲੇ ਭਰ ਦੀਆਂ ਬੈਂਕਾਂ ਵਿਚ ਕੁੱਲ 21107 ਲੋਕਾਂ ਨੇ ਲੈਣਦੇਣ ਕੀਤਾ। ਇੰਨਾਂ ਵਿਚੋਂ ਜਿਆਦਾਤਰ ਪੈਨਸ਼ਨਰ ਸਨ।

ਓਧਰ ਐਲਡੀਐਮ ਸ੍ਰੀ ਜੈਸੰਕਰ ਸ਼ਰਮਾ ਨੇ ਕਿਹਾ ਕਿ ਇਸ ਤੋਂ ਬਿਨਾਂ ਜ਼ਿਲੇ ਵਿਚ ਵੱਖ ਵੱਖ ਬੈਂਕਾਂ ਦੇ 331 ਕਾਰੋਬਾਰੀ ਨੁੰਮਾਇੰਦੇ (CSP, BC,AEPS) ਹਰ ਰੋਜ ਲੈਣਦੇਣ ਕਰ ਸਕਦੇ ਹਨ ਅਤੇ 350 ਤੋਂ ਵੱਧ ਏਟੀਐਮ ਵੀ ਹਰ ਰੋਜ ਖੁੱਲ ਰਹੇ ਹਨ ਤਾਂ ਜੋ ਲੋਕਾਂ ਕੋਲ ਨਗਦੀ ਦੀ ਘਾਟ ਨਾ ਆਵੇ। ਇਸ ਤੋਂ ਬਿਨਾਂ ਅਧਾਰ ਅਧਾਰਤ ਧਨ ਨਿਕਾਸੀ ਪ੍ਰਣਾਲੀ, ਪੋਸਟਲ ਬੈਂਕ ਰਾਹੀਂ ਵੀ ਲੋਕ ਧਨ ਨਿਕਾਸੀ ਕਰ ਸਕਦੇ ਹਨ ਜਦ ਕਿ ਇਕ ਤਿਹਾਈ ਬੈਂਕ ਸ਼ਾਖਾਵਾਂ ਵਾਰੋ ਵਾਰੀ ਖੁਲੱਦੀਆਂ ਰਹਿਣਗੀਆਂ। ਉਨਾਂ ਨੇ ਦੱਸਿਆ ਕਿ

ਬੈਂਕਾਂ ਵਿਚ ਸੈਨੈਟਾਈਜਰ ਦੀ ਵਿਵਸਥਾ ਕੀਤੀ ਗਈ ਹੈ ਅਤੇ ਬੈਂਕਾਂ ਦੇ ਬਾਹਰ ਗ੍ਰਾਹਕਾਂ ਦੀ ਉਡੀਕ ਲਈ ਉਚਿਤ ਵਿਵਸਥਾ ਵੀ ਕੀਤੀ ਗਈ ਹੈ।



ਬੈਂਕਾਂ ਸਾਹਮਣੇ ਆਪਸੀ ਦੂਰੀ ਬਣਾ ਕੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਬਠਿੰਡਾ ਦੇ ਵਸਨੀਕ।